Office of Deputy Commissioner, Fazilka
ਦਫਤਰ ਡਿਪਟੀ ਕਮਿਸ਼ਨਰ, ਫਾਜਿਲਕਾ

(ਫੁੱਟਕਲ ਸ਼ਾਖਾ)

ਹੁਕਮ:-

ਕੋਵਿਡ-19 (ਕਰੋਨਾ ਵਾਇਰਸ) ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ:ਐਮ.ਸੀ.1/ਐਮ.ਏ./2020/4370-92 ਮਿਤੀ:23.03.2020 ਰਾਹੀਂ ਕਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ:23.03.2020 ਤੋਂ 31.03.2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਗਏ ਸਨ।

ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ, ਮੁਢਲੀਆਂ ਸਹੂਲਤਾਂ ਉਪਲਬਧ ਕਰਾਉਣ ਲਈ ਕਰਫਿਊ ਦੇ ਆਦੇਸ਼ਾਂ ਵਿੱਚ ਇਸ ਦਫਤਰ ਦੇ ਪੱਤਰ ਨੰਬਰ:4469-86/ਐਮ.ਸੀ.-3/ਐਮ.ਏ. ਮਿਤੀ:23.03.2020 ਰਾਹੀਂ ਅਖਬਾਰਾਂ ਦੀ ਵੰਡ, ਦੁੱਧ ਦੀ ਸਪਲਾਈ ਅਤੇ ਪੱਠੇ ਦੀਆਂ ਟਾਲਾਂ ਅਤੇ ਫੇਰ ਇਸ ਦਫਤਰ ਦੇ ਪੱਤਰ ਨੰਬਰ:4700-30/ਐਮ.ਸੀ.1/ਐਮ.ਏ. ਮਿਤੀ:24.03.2020 ਰਾਹੀ ਪੈਟਰੋਲ/ਡੀਜਲ ਦੀ ਵਿਕਰੀ, ਗੈਸ ਦੀ ਸਪਲਾਈ, ਸਬਜੀ/ਫਲ ਦੀ ਵਿਕਰੀ, ਕਰਿਆਣੇ ਦੀ ਵਿਕਰੀ ਅਤੇ ਦਵਾਈਆਂ ਦੀ ਸਪਲਾਈ ਸਬੰਧੀ, ਸਬੰਧਤ ਅਦਾਰਿਆਂ ਨੂੰ ਢਿੱਲ ਦਿੱਤੀ ਗਈ ਸੀ ਕਿ ਉਹ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਮੂਹ ਲੋੜੀਂਦੀਆਂ ਵਸਤਾਂ ਆਪਣੇ ਪੱਧਰ ਤੇ ਘਰ-ਘਰ ਪਹੁੰਚਾਉਣ ਦੇ ਜਿੰਮੇਵਾਰ ਹੋਣਗੇ, ਤਾਂ ਜੋ ਕੋਰੋਨਾ ਵਾਇਰਸ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ। ਇਹ ਆਦੇਸ਼ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ ਅਤੇ ਇਸ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਹੋਰ ਜਰੂਰੀ ਵਸਤਾਂ ਦੀ ਵੰਡ ਸਬੰਧੀ ਸਮੂਹ ਅਦਾਰੀਆਂ ਨੂੰ ਹੇਠ ਲਿਖੇ ਅਨੁਸਾਰ ਮਿਤੀ:31.03.2020 ਤੱਕ ਆਮ ਜਨਤਾਂ ਨੂੰ ਘਰ-ਘਰ ਸਹੂਲਤ ਮੁੱਹਈਆ ਕਰਵਾਉਣ ਲਈ ਢਿੱਲ ਦਿੱਤੀ ਜਾਂਦੀ ਹੈ:-

1. <u>ਕੀਟਕਨਾਸ਼ਕ ਅਤੇ ਫਰਟੀਲਾਈਜਰ ਦੀ ਸਪਲਾਈ</u>:- ਜਿਲ੍ਹਾ ਫਾਜਿਲਕਾ ਵਿੱਚ ਫਸਲਾਂ ਦੀ ਉਪਜ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੀ ਸਾਂਭ ਸੰਭਾਲ ਲਈ ਕੀਟਕਨਾਸ਼ਕ/ਫਰਟੀਲਾਈਜਰ ਦੀ ਸਪਲਾਈ ਲਈ ਮਿਤੀ:26.03.2020, 28.03.2020 ਅਤੇ 30.03.2020 ਨੂੰ ਸਮਾਂ ਬਾਦ ਦੁਪਹਿਰ 02:00 ਵਜੇ ਤੋਂ 06:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਸਬੰਧਤ ਦੁਕਾਨਦਾਰ ਜਿਨ੍ਹਾਂ ਵੱਲੋਂ ਇਹ ਕੀਟਕਨਾਸ਼ਕ / ਫਰਟੀਲਾਈਜਰ ਸਪਲਾਈ ਕੀਤੀਆਂ ਜਾਣਗੀਆਂ ਹਨ, ਉਨ੍ਹਾਂ ਦੀ ਸ਼ਨਾਖਤ ਸਬੰਧਤ ਹਲਕੇ ਦੇ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ ਕਰਨਗੇ। ਸ਼ਨਾਖਤ ਕੀਤੇ ਗਏ ਦੁਕਾਨਦਾਰ ਅੱਗੇ ਇਹ ਦਵਾਈਆਂ ਜਿੰਮੀਦਾਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸਪਲਾਈ ਕਰਨੀਆਂ ਯਕੀਨੀ ਬਨਾਉਣਗੇ। ਅਗਰ ਜਿੰਮੀਦਾਰਾਂ/ਬਾਗ ਮਾਲਕਾਂ ਵੱਲੋਂ ਸਪਰੇ ਆਦਿ ਕੀਤੀ ਜਾਣੀ ਹੈ ਤਾਂ ਉਹ ਆਪਣੇ ਖੇਤਾਂ/ਬਾਗਾਂ ਵਿੱਚ ਕਰ ਸਕਦੇ ਹਨ।

2. <u>ਪਸ਼ੂਆਂ/ਪੋਲਟਰੀ ਦਾ ਆਹਾਰ</u>:- ਜਿਲ੍ਹਾ ਫਾਜਿਲਕਾ ਵਿੱਚ ਪਸ਼ੂਆਂ ਦੇ ਆਹਾਰ ਅਤੇ ਪੋਲਟਰੀ ਦੇ ਆਹਾਰ ਦੀ ਸਪਲਾਈ ਲਈ ਮਿਤੀ:26.03.2020, 28.03.2020 ਅਤੇ 30.03.2020 ਨੂੰ ਸਮਾਂ ਬਾਦ ਦੁਪਹਿਰ 02:00 ਵਜੇ ਤੋਂ 06:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਸਬੰਧਤ ਦੁਕਾਨਦਾਰ ਜਿਨ੍ਹਾਂ ਵੱਲੋਂ ਪਸ਼ੂਆਂ/ਪੋਲਟਰੀ ਦਾ ਆਹਾਰ ਦੀ ਸਪਲਾਈ ਕੀਤੀਆਂ ਜਾਣਗੀਆਂ ਉਨ੍ਹਾਂ ਦੀ ਸ਼ਨਾਖਤ ਸਬੰਧਤ ਹਲਕੇ ਦੇ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ ਕਰਨਗੇ। ਸ਼ਨਾਖਤ ਕੀਤੇ ਗਏ ਦੁਕਾਨਦਾਰ ਅੱਗੇ ਇਹ ਪਸ਼ੂਆਂ/ਪੋਲਟਰੀ ਦਾ ਆਹਾਰ ਆਮ ਜਨਤਾ ਨੂੰ ਉਨ੍ਹਾਂ ਦੇ ਘਰਾਂ ਵਿੱਚ ਸਪਲਾਈ ਕਰਨਾ ਯਕੀਨੀ ਬਨਾਉਣਗੇ।

<u>ਆਟਾ ਚੱਕੀ</u>:- ਜਿਲ੍ਹਾ ਫਾਜਿਲਕਾ ਵਿੱਚ ਆਮ ਜਨਤਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਕਣਕ ਦੀ ਪਿਸਾਈ ਲਈ ਮਿਤੀ:27.03.2020 ਅਤੇ 31.03.2020 ਨੂੰ ਬਾਦ ਦੁਪਹਿਰ 12:00 ਤੋਂ 06:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਸਬੰਧਤ ਆਟਾ ਚੱਕੀ ਮਾਲਕ ਜਿਨ੍ਹਾਂ ਵੱਲੋਂ ਕਣਕ ਦੀ ਪਿਸਾਈ ਕੀਤੀ ਜਾਵੇਗੀ ਉਨ੍ਹਾਂ ਦੀ ਸ਼ਨਾਖਤ ਸਬੰਧਤ ਹਲਕੇ ਦੇ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ ਵੱਲੋਂ ਕੀਤੀ ਜਾਵੇਗੀ। ਸ਼ਨਾਖਤ ਕੀਤੇ ਗਏ ਆਟਾ ਚੱਕੀ ਮਾਲਕ ਆਮ ਜਨਤਾ ਦੇ ਘਰਾਂ ਤੋਂ ਕਣਕ ਆਪ ਲੈਕੇ ਆਉਣਗੇ ਅਤੇ ਆਟਾ ਬਨਾਉਣ ਉਪਰੰਤ ਉਨ੍ਹਾਂ ਦੇ ਘਰਾਂ ਵਿੱਚ ਆਪ ਹੀ ਦੇਕੇ ਆਉਣਾ ਯਕੀਨੀ ਬਨਾਉਣਗੇ। ਦੁਕਾਨਦਾਰਾਂ ਨੂੰ ਆਟੇ ਦੀਆਂ ਥੈਲੀਆਂ ਉਨ੍ਹਾਂ ਦੀ ਮੰਗ ਅਨੁਸਾਰ ਉਨ੍ਹਾਂ ਦੀਆਂ ਦੁਕਾਨਾਂ ਤੇ ਪਹੁੰਚਾਉਣਗੇ।

4. <u>ਜਿੰਮੀਦਾਰਾਂ ਨੂੰ ਸਬਜੀ/ਫਲ ਮੰਡੀ ਅਤੇ ਕੋਲਡ ਸਟੋਰ ਵਿੱਚ ਜਮ੍ਹਾਂ ਕਰਵਾਉਣ ਬਾਬਤ</u>:- ਜਿਲ੍ਹਾ ਫਾਜਿਲਕਾ ਵਿੱਚ ਸਬਜੀਆਂ/ਫੱਲ ਨੂੰ ਮੰਡੀ ਵਿੱਚ ਭੇਜਣ ਅਤੇ ਕੋਲਡ ਸਟੋਰ ਵਿੱਚ ਜਮ੍ਹਾਂ ਕਰਵਾਉਣ ਲਈ ਮਿਤੀ:26.03.2020 ਅਤੇ 30.03.2020 ਨੂੰ ਸਮਾਂ ਸਵੇਰੇ 05:00 ਤੋਂ 12:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਜਿੰਨ੍ਹਾਂ ਜਿੰਮੀਦਾਰਾਂ ਵੱਲੋਂ ਸਬਜੀ/ਫੱਲ, ਸਬਜੀ ਮੰਡੀ ਵਿੱਚ ਭੇਜੀ ਜਾਣੀ ਹੈ, ਉਹ ਭੇਜ ਸਕਦੇ ਹਨ ਅਗਰ ਕਿਸੇ ਜਿੰਮੀਦਾਰ ਨੇ ਕੋਲਡ ਸਟੋਰ

Tel.: +91 1638 260555, Fax: +91 1638 264666, Email: dc.fzk@punjab.gov.in

ਵਿੱਚ ਸਬਜੀ/ਫੱਲ ਜਮ੍ਹਾਂ ਕਰਵਾਉਣੇ ਹਨ ਤਾਂ ਉਹ ਕੋਲਡ ਸਟੋਰ ਵਿੱਚ ਵੀ ਜਮ੍ਹਾਂ ਕਰਵਾ ਸਕਦੇ ਹਨ। ਸਬੰਧਤ ਸਕੱਤਰ ਮਾਰਕਿਟ ਕਮੇਟੀ, ਜਿਲ੍ਹਾ ਫਾਜਿਲਕਾ ਇਹ ਯਕੀਨੀ ਬਨਾਉਣਗੇ ਕਿ ਮੰਡੀ ਵਿੱਚ ਆਮ ਜਨਤਾਂ ਦਾ ਇਕੱਠ ਨਾ ਕੀਤਾ ਜਾਵੇ ਅਤੇ ਘੱਰ ਘੱਰ ਸਬਜੀ ਪਹੁੰਚਾਉਣ ਲਈ ਰੇਹੜੀਆਂ ਭੇਜਣਗੇ ਤਾਂ ਜੋ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋ ਰੋਕਿਆ ਜਾ ਸਕੇ। ਇਸ ਸਬੰਧੀ ਲੋੜੀਂਦਾ ਰਾਬਤਾ ਸਬੰਧਤ ਹਲਕੇ ਦੇ ਉਪ ਮੰਡਲ ਮੈਜਿਸਟਰੇਟ ਨਾਲ ਕੀਤਾ ਜਾਵੇ।

5. <u>ਕਿਨੂੰਆਂ ਦੀ ਵੈਕਸੀਨ ਅਤੇ ਕੋਲਡ ਸਟੋਰ ਵਿੱਚ ਜਮ੍ਹਾਂ ਕਰਵਾਉਣ ਬਾਬਤ:-</u> ਜਿਲ੍ਹਾ ਫਾਜਿਲਕਾ ਵਿੱਚ ਕਿਨੂੰ ਦਾ ਉਪਜ ਬਹੁਤ ਜਿਆਦਾ ਹੁੰਦੀ ਹੈ। ਇਸ ਲਈ ਕਿਨੂੰ ਦੀ ਸੰਭਾਲ ਲਈ ਕਿਨੂੰਆਂ ਨੂੰ ਕੋਲਡ ਸਟੋਰ ਵਿੱਚ ਜਮ੍ਹਾਂ ਕਰਵਾਉਣ ਲਈ ਰੋਜਾਨਾਂ ਸਵੇਰੇ 05:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਸਬੰਧਤ ਬਾਗ ਮਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਪਰੋਕਤ ਸਮੇਂ ਅਧੀਨ ਆਪਣਾ ਕੰਮ Social Distance ਕਾਇਮ ਰੱਖਦੇ ਹੋਏ ਮੁਕੰਮਲ ਕਰਨਦੇ ਪਾਬੰਦ ਹੋਣਗੇ। ਡਿਪਟੀ ਡਾਇਰੈਕਟਰ, ਬਾਗਬਾਨੀ ਵਿਭਾਗ, ਫਾਜਿਲਕਾ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਉਪਰੋਕਤ ਮੰਤਵ ਲਈ ਕਿਸੇ ਤਰ੍ਹਾਂ ਦੀ ਪਰੇਸ਼ਾਨੀ/ਦਿੱਕਤ ਸਬੰਧਤ ਜਿੰਮੀਦਾਰਾਂ ਨੂੰ ਨਹੀਂ ਆਉਣ ਦੇਣਗੇ, ਇਸ ਸਬੰਧੀ ਜਰੂਰਤ ਅਨੁਸਾਰ ਸਬੰਧਤ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ ਪਾਸੋਂ ਸਹਿਯੋਗ ਪ੍ਰਾਪਤ ਕੀਤਾ ਜਾ ਸਕਦਾ ਹੈ।

6. <u>ਦੁੱਧ ਸੈਂਟਰਾਂ ਵਿੱਚ ਦੁੱਧ ਜਮ੍ਹਾਂ ਕਰਵਾਉਣ ਬਾਬਤ:-</u> ਜਿਲ੍ਹਾ ਫਾਜਿਲਕਾ ਵਿੱਚ ਦੁੱਧ ਵਾਲੇ ਕਿਸਾਨਾਂ ਨੂੰ ਪਿੰਡਾਂ ਤੋਂ ਗੱਡੀਆਂ/ਟੈਂਕਰਾਂ ਰਾਹੀਂ ਦੁੱਧ ਚਿਲਿੰਗ/ਕੁਲੈਕਸ਼ਨ ਸੈਂਟਰਾਂ ਵਿੱਚ ਲਿਆਉਣ ਤੇ ਸਵੇਰੇ 06:00 ਵਜੇ ਤੋਂ 10:00 ਵਜੇ ਅਤੇ ਸ਼ਾਮ 04:00 ਵਜੇ ਤੋਂ 07:00 ਵਜੇ ਤੱਕ ਮੁੱਕਰਰ ਕੀਤਾ ਜਾਂਦਾ ਹੈ। ਅਗਰ ਚਿਲਿੰਗ ਸੈਂਟਰ/ਕੁਲੈਕਸ਼ਨ ਸੈਂਟਰਾਂ ਵੱਲੋਂ ਦੁੱਧ ਦੂਸਰੇ ਜਿਲ੍ਹਿਆਂ ਵਿੱਚ ਭੇਜਿਆ ਜਾਣਾ ਹੈ, ਤਾਂ ਉਹ ਟੈਂਕਰਾਂ ਰਾਹੀ ਭੇਜ ਸਕਦੇ ਹਨ, ਪਰ ਇਹ ਗੱਡੀਆਂ ਰਾਤ ਸਮੇ 09:00 ਵਜੇ ਤੋਂ ਬਾਅਦ ਜਾ ਸਕਦੀਆਂ ਹਨ। ਇਸ ਸਬੰਧੀ ਲੋੜੀਂਦਾ ਰਾਬਤਾ ਸਬੰਧਤ ਹਲਕੇ ਦੇ ਉਪ ਮੰਡਲ ਮੈਜਿਸਟਰੇਟ ਨਾਲ ਕੀਤਾ ਜਾਵੇ।

7. ਉਪ ਮੰਡਲ ਮੈਜਿਸਟਰੇਟ ਆਪਣੇ ਪੱਧਰ ਤੇ ਇਹ ਯਕੀਨੀ ਬਨਾਉਣਗੇ ਕਿ ਉਪਰੋਕਤ ਮੰਤਵ ਲਈ ਆਮ ਜਨਤਾ ਦੀ ਸੁਵਿਧਾ ਲਈ ਆਪਣੇ ਆਪਣੇ ਖੇਤਰ ਵਿੱਚ ਬਿਲਕੁਲ ਵੀ ਆਮ ਜਨਤਾ ਦਾ ਇੱਕਠ ਨਹੀਂ ਹੋਣ ਦੇਣਗੇ ਅਤੇ ਘੱਟ ਤੋਂ ਘੱਟ ਪਾਸ ਜਾਰੀ ਕਰਨਗੇ।

ਇਹ ਹੁਕਮ ਅੱਜ ਮਿਤੀ:<u>25.03.2020</u> ਨੂੰ ਮੇਰੇ ਹਸਤਾਖਰਾਂ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

25/3/20

Office of the Distt. Magistrate Fazilka

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਫਾਜਿਲਕਾ।

ਪਿੱਠ ਅੰਕਣ ਨੰਬਰ:-48 /ਐਮ.ਸੀ.3/ਐਮ.ਏ. ਮਿਤੀ: 25.03.2020

ਇਸ ਦਾ ਇਕ ਉਤਾਰਾ ਇਸ ਦਫਤਰ ਦੇ ਪੱਤਰ ਨੰਬਰ:ਐਮ.ਸੀ.1/ਐਮ.ਏ./2020/4370-92 ਮਿਤੀ:23.03.2020, ਪੱਤਰ ਨੰਬਰ:4469-86/ਐਮ.ਸੀ.-3/ਐਮ.ਏ. ਮਿਤੀ:23.03.2020 ਅਤੇ ਪੱਤਰ ਨੰਬਰ:4700-30/ਐਮ.ਸੀ.1/ਐਮ.ਏ. ਮਿਤੀ:24.03.2020 ਦੀ ਲਗਾਤਾਰਤਾ ਵਿੱਚ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪੰਜਾਬ ਸਰਕਾਰ, ਚੰਡੀਗੜ੍ਹ।
3. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਚੰਡੀਗੜ੍ਹ।
4. ਕਮਿਸ਼ਨਰ ਫਿਰੋਜਪੁਰ ਮੰਡਲ ਫਿਰੋਜ਼ਪੁਰ।
5. ਜਿਲ੍ਹਾ ਅਤੇ ਸੈਸ਼ਨ ਜੱਜ, ਫਾਜਿਲਕਾ।
6. ਸੀਨੀਅਰ ਕਪਤਾਨ ਪੁਲਿਸ, ਫਾਜਿਲਕਾ।

Tel.: +91 1638 260555, Fax: +91 1638 264666, Email: dc.fzk@punjab.gov.in

Office of Deputy Commissioner, Fazilka

ਦਫਤਰ ਡਿਪਟੀ ਕਮਿਸ਼ਨਰ, ਫਾਜਿਲਕਾ

(ਫੁੱਟਕਲ ਸ਼ਾਖਾ)

7. ਵਧੀਕ ਡਿਪਟੀ ਕਮਿਸ਼ਨਰ (ਜ), ਫਾਜਿਲਕਾ।
8. ਵਧੀਕ ਡਿਪਟੀ ਕਮਿਸ਼ਨਰ (ਵਿ), ਫਾਜਿਲਕਾ।
9. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜਿਲਕਾ।
10. ਸਿਵਲ ਸਰਜਨ, ਫਾਜਿਲਕਾ।
11. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਾਜਿਲਕਾ।
12. ਡਿਪਟੀ ਡਾਇਰੈਕਟਰ, ਬਾਗਬਾਨੀ ਵਿਭਾਗ, ਫਾਜਿਲਕਾ।
13. ਸਮੂਹ ਸਕੱਤਰ ਮਾਰਕਿਟ ਕਮੇਟੀ, ਜਿਲ੍ਹਾ ਫਾਜਿਲਕਾ।
14. ਪ੍ਰਧਾਨ ਕੀਟਨਾਸ਼ਕ ਅਤੇ ਫਰਟੀਲਾਈਜਰ ਐਸੋਸੀਏਸ਼ਨ / ਪਸ਼ੂਆਂ/ਪੋਲਟਰੀ ਆਹਾਰ ਐਸੋਸੀਏਸ਼ਨ/ ਆਟਾ ਚੱਕੀ ਐਸੋਸੀਏਸ਼ਨ/ ਗੈਸ ਐਸੋਸੀਏਸ਼ਨ/ਕਰਿਆਣਾ ਐਸੋਸੀਏਸ਼ਨ/ਸਬਜੀ ਐਸੋਸੀਏਸ਼ਨ/ਡੇਅਰੀ ਐਸੋਸੀਏਸ਼ਨ/ਪ੍ਰਧਾਨ ਗਊਸ਼ਾਲਾ/ਜਿਲ੍ਹਾ ਫਾਜਿਲਕਾ ਮਾਰਫਤ ਸੀਨੀਅਰ ਕਪਤਾਨ ਪੁਲਿਸ, ਫਾਜਿਲਕਾ।
15. ਜਿਲ੍ਹਾ ਲੋਕ ਸੰਪਰਕ ਅਫਸਰ, ਫਾਜਿਲਕਾ।

ਵਾ:ਜਿਲ੍ਹਾ ਮੈਜਿਸਟਰੇਟ,
ਫਾਜਿਲਕਾ।